ਸਮੇਂ ਪ੍ਰਮਾਣ ਸਵਰਾਜ ਅਧਿਕਾਰੀ ਬਣ ਸਰਵ ਰੂਹਾਨੀ ਸਾਧਨ ਤੀਵਰਗਤੀ ਨਾਲ ਕੰਮ ਵਿੱਚ ਲਗਾਓ

ਅੱਜ ਬਾਪਦਾਦਾ ਵਿਸ਼ਵ ਦੇ ਸਰਵ ਪਾਸੇ ਦੇ ਆਪਣੇ ਸਵਰਾਜ ਅਧਿਕਾਰੀ ਬੱਚਿਆਂ ਦੀ ਰਾਜ ਸਭਾ ਦੇਖ ਰਹੇ ਹਨ। ਹਰ ਇੱਕ ਸਵਰਾਜ ਅਧਿਕਾਰੀ, ਪਵਿੱਤਰਤਾ ਦੇ ਤਾਜਧਾਰੀ, ਅਧਿਕਾਰ ਦੀ ਸਮ੍ਰਿਤੀ ਦੇ ਤਿਲਕਧਾਰੀ, ਆਪਣੇ - ਆਪਣੇ ਭ੍ਰਿਕੁਟੀ ਦੇ ਅਕਾਲ ਤਖ਼ਤਨਸ਼ੀਨ ਦਿਖਾਈ ਦੇ ਰਹੇ ਹਨ। ਇਸ ਸਮੇਂ ਜਿਨਾਂ ਸਵਰਾਜ ਅਧਿਕਾਰ ਅਨੁਭਵ ਕਰਦੇ ਹੋ ਓਨਾ ਹੀ ਭਵਿੱਖ ਵਿਸ਼ਵ ਰਾਜ ਅਧਿਕਾਰੀ ਹੀ ਹਨ। "ਮੈਂ ਕੌਣ" ਅਤੇ "ਮੇਰਾ ਭਵਿੱਖ ਕੀ?" ਉਹ ਹੁਣ ਦੇ ਸਵਰਾਜ ਦੀ ਸਥਿਤੀ ਦਵਾਰਾ ਖੁਦ ਹੀ ਦੇਖ ਸਕਦੇ ਹੋ।

ਬਾਪਦਾਦਾ ਹਰ ਇੱਕ ਬੱਚੇ ਦੇ ਸਦਾ ਸਵਰਾਜ ਦੀ ਸਥਿਤੀ ਨੂੰ ਦੇਖ ਰਹੇ ਸਨ।ਨਿਰੰਤਰ ਹਰ ਕਰਮ ਕਰਦੇ ਹੋਏ ਲੌਕਿਕ ਅਲੌਕਿਕ ਕੰਮ ਕਰਦੇ ਹੋਏ ਸਵਰਾਜ ਅਧਿਕਾਰੀ ਦਾ ਨਸ਼ਾ ਕਿੰਨਾ ਅਤੇ ਕਿਸ ਪਰਸੈਂਟ ਵਿੱਚ ਰਹਿੰਦਾ ਹੈ? ਕਿਉਂਕਿ ਕਈ ਬੱਚੇ ਆਪਣੇ ਸਵਰਾਜ ਦੀ ਸਮ੍ਰਿਤੀ ਨੂੰ ਸੰਕਲਪ ਰੂਪ ਵਿੱਚ ਯਾਦ ਕਰਦੇ ਹਨ - ਮੈਂ ਆਤਮਾ ਅਧਿਕਾਰੀ ਹਾਂ, ਇੱਕ ਹੈ ਸੰਕਲਪ ਵਿੱਚ ਸੋਚਣਾ। ਬਾਰ -ਬਾਰ ਸਮ੍ਰਿਤੀ ਨੂੰ ਰਿਫ੍ਰੇਸ਼ ਕਰਨਾ - ਮੈਂ ਹਾਂ। ਦੂਸਰਾ ਹੈ - ਅਧਿਕਾਰ ਦੇ ਸਵਰੂਪ ਵਿੱਚ ਖੁਦ ਨੂੰ ਅਨੁਭਵ ਕਰਨਾ ਅਤੇ ਇਹਨਾਂ ਕਰਮਇੰਦਰੀਆਂ ਰੂਪੀ ਕਰਮਚਾਰੀ ਮਨ - ਬੁੱਧੀ - ਸੰਸਕਾਰ ਰੂਪੀ ਸਹਿਯੋਗੀ ਸਾਥੀਆਂ ਤੇ ਰਾਜ ਕਰਨਾ, ਅਧਿਕਾਰ ਨਾਲ ਚਲਣਾ। ਜਿਵੇਂ ਤੁਸੀਂ ਸਭ ਬੱਚੇ ਅਨੁਭਵੀ ਹੋ ਕੀ ਹਰ ਸਮੇਂ ਬਾਪਦਾਦਾ ਸ਼੍ਰੀਮਤ ਤੇ ਚਲਾ ਰਿਹਾ ਹੈ, ਚੱਲਣ ਵਾਲੇ ਚੱਲ ਰਹੇ ਹੋ। ਇਵੇਂ ਹੇ ਸਵਰਾਜ ਅਧਿਕਾਰੀ ਅਤਮਾਵੋ ਕੀ ਤੁਹਾਡੇ ਸਵਰਾਜ ਵਿੱਚ ਤੁਹਾਡੀ ਸਰਵ ਕਰਮਇੰਦਰੀਆਂ ਮਤਲਬ ਕਰਮਚਾਰੀ ਤੁਹਾਡੇ ਮਨ -ਬੁੱਧੀ -ਸੰਸਕਾਰ ਸਹਿਯੋਗੀ ਸਾਥੀ ਸਭ ਤੁਹਾਡੇ ਆਡਰ ਵਿੱਚ ਚਲ ਰਹੇ ਹਨ? ਇੱਕ ਦੋ ਕਰਮਇੰਦਰੀਆਂ ਥੋੜ੍ਹਾ ਨਾਜ਼ -ਨਖਰਾ ਤਾਂ ਨਹੀਂ ਦਿਖਾਉਂਦੀ? ਤੁਹਾਡਾ ਰਾਜ ਲਾਅ ਅਤੇ ਆਡਰ ਦੇ ਬਜਾਏ ਲਵ ਅਤੇ ਲਾਅ ਅਸਲ ਤਰ੍ਹਾਂ ਨਾਲ ਚਲ ਰਿਹਾ ਹੈ? ਕੀ ਸਮਝਦੇ ਹੋ? ਚਲ ਰਹੇ ਹੋ ਜਾਂ ਥੋੜੀ ਆਨਾਕਾਨੀ ਕਰਦੇ ਹਨ? ਜਦੋਂ ਕਹਿੰਦੇ ਹੋ ਕਿ ਮੇਰਾ ਹੱਥ, ਮੇਰਾ ਸੰਸਕਾਰ, ਮੇਰੀ ਬੁੱਧੀ, ਮੇਰਾ ਮਨ, ਤਾਂ ਮੇਰੇ ਦੇ ਉੱਪਰ ਮੈਂ ਦਾ ਅਧਿਕਾਰ ਹੈ? ਕਿ ਕਦੇ ਮੇਰਾ ਅਧਿਕਾਰੀ ਬਣ ਜਾਂਦਾ, ਕਦੀ ਮੈਂ ਅਧਿਕਾਰੀ ਬਣ ਜਾਂਦੀ? ਸਮੇਂ ਪ੍ਰਮਾਣ ਹੇ ਸਵਰਾਜ ਅਧਿਕਾਰੀ ਹੁਣ ਸਦਾ ਅਤੇ ਸਹਿਜ ਆਕਾਲ ਤਖ਼ਤਨਸ਼ੀਨ ਬਣੋ ਉਦੋ ਹੀ ਹੋਰ ਆਤਮਾਵਾਂ ਨੂੰ ਬਾਪ ਦਵਾਰਾ ਜੀਵਨਮੁਕਤ ਅਤੇ ਮੁਕਤੀ ਦਾ ਅਧਿਕਾਰ ਤੀਵਰਗਤੀ ਨਾਲ ਦਵਾ ਸਕੋਂਗੇ।

ਸਮੇਂ ਦੀ ਪੁਕਾਰ ਹੁਣ ਤੀਵਰਗਤੀ ਅਤੇ ਬੇਹੱਦ ਦੀ ਹੈ। ਛੋਟੀ ਜਿਹੀ ਰਿਹਰਸਲ ਦੇਖੀ, ਸੁਣੀ। ਇੱਕ ਹੀ ਨਾਲ ਬੇਹੱਦ ਦਾ ਨਕਸ਼ਾ ਦੇਖਿਆ ਨਾ! ਚਿਲਾਉਣਾ ਵੀ ਬੇਹੱਦ, ਮਰਨਾ ਵੀ ਬੇਹੱਦ, ਮਰਨ ਵਾਲ਼ਿਆਂ ਦੇ ਨਾਲ -ਨਾਲ ਜਿਉਣ ਵਾਲੇ ਵੀ ਆਪਣੇ ਜੀਵਨ ਵਿੱਚ ਪ੍ਰੇਸ਼ਾਨੀ ਨਾਲ ਮਰ ਰਹੇ ਹਨ। ਇਵੇਂ ਦੇ ਸਮੇਂ ਤੇ ਤੁਸੀਂ ਸਵਰਾਜ ਅਧਿਕਾਰੀ ਆਤਮਾਵਾਂ ਦਾ ਕੀ ਕੰਮ ਹੈ? ਚੈਕ ਕਰੋ ਜਿਵੇਂ ਸਥੂਲ ਸਾਧਨਾਂ ਦੇ ਲਈ ਦੱਸਦੇ ਹਨ ਭੂਚਾਲ ਆਵੇ ਤੇ ਇਹ ਕਰਨਾ, ਤੂਫ਼ਾਨ ਆਵੇ ਤੇ ਇਹ ਕਰਨਾ, ਅੱਗ ਲੱਗੇ ਤੇ ਇਹ ਕਰਨਾ, ਉਵੇਂ ਤੁਸੀਂ ਸ਼੍ਰੇਸ਼ਠ ਆਤਮਾਵਾਂ ਦੇ ਕੋਲ ਜੋ ਸਾਧਨ ਹਨ - ਸਰਵ ਸ਼ਕਤੀਆਂ, ਯੋਗ ਦਾ ਬਲ, ਸਨੇਹ ਦਾ ਚੁੰਮਬਕ, ਇਹ ਸਭ ਸਾਧਨ ਸਮੇਂ ਦੇ ਲਈ ਤਿਆਰ ਹਨ? ਸਰਵ ਸ਼ਕਤੀਆਂ ਹਨ? ਕਿਸਨੂੰ ਸ਼ਾਂਤੀ ਦੀ ਸ਼ਕਤੀ ਚਾਹੀਦੀ ਹੈ ਪਰ ਤੁਸੀਂ ਹੋਰ ਕੋਈ ਸ਼ਕਤੀ ਦੇ ਦਵੋ ਤਾਂ ਉਹ ਸੰਤੁਸ਼ਟ ਹੋਵੇਗੀ? ਜਿਵੇਂ ਕਿਸੇ ਨੂੰ ਪਾਣੀ ਚਾਹੀਦਾ ਅਤੇ ਉਸਨੂੰ 36 ਤਰ੍ਹਾਂ ਦੇ ਭੋਜਨ ਦੇ ਦਵੋ ਤਾਂ ਕੀ ਉਹ ਸੰਤੁਸ਼ਟ ਹੋਵੇਗਾ? ਤਾਂ ਏਵਰਰੇਡੀ ਬਣਨਾ ਸਿਰਫ਼ ਆਪਣੇ ਅਸ਼ਰੀਰੀ ਬਣਨ ਦੇ ਲਈ ਨਹੀਂ। ਉਹ ਤਾਂ ਬਣਨਾ ਹੀ ਹੈ। ਪਰ ਜੋ ਸਾਧਨ ਸਵਰਾਜ ਅਧਿਕਾਰ ਤੋਂ ਪ੍ਰਾਪਤ ਹੋਏ ਹਨ, ਪਰਮਾਤਮ ਵਰਸੇ ਤੋਂ ਮਿਲੇ ਹਨ ਉਹ ਸਭ ਅਧਿਕਾਰ ਏਵਰਰੇਡੀ ਹਨ? ਇਵੇਂ ਤਾਂ ਨਹੀਂ ਜਿਵੇਂ ਸਮਾਚਾਰਾਂ ਵਿੱਚ ਸੁਣਦੇ ਹੋ ਕਿ ਜੋ ਮਸ਼ੀਨਰੀ ਇਸ ਸਮੇਂ ਚਾਹੀਦੀ ਉਹ ਫਾਰੇਂਨ ਤੋਂ ਆਉਣ ਤੋਂ ਬਾਦ ਕੰਮ ਵਿੱਚ ਲਗਾਇਆ ਗਿਆ। ਤਾਂ ਸਾਧਨ ਏਵਰਰੇਡੀ ਨਹੀਂ ਰਹੇ ਨਾ! ਸਰਵ ਸਾਧਨ ਸਮੇਂ ਤੇ ਕੰਮ ਵਿੱਚ ਨਹੀਂ ਲਗਾ ਸਕੇ। ਕਿੰਨਾ ਨੁਕਸਾਨ ਹੋ ਗਿਆ!

ਤਾਂ ਹੇ ਵਿਸ਼ਵ ਕਲਿਆਣਕਾਰੀ, ਵਿਸ਼ਵ ਪਰਿਵਰਤਕ ਅਤਮਾਵੋ ਸਰਵ ਸਾਧਨ ਏਵਰਰੇਡੀ ਹਨ? ਸਰਵਸ਼ਕਤੀਆਂ ਤੁਹਾਡੇ ਆਡਰ ਵਿੱਚ ਹਨ? ਆਡਰ ਕੀਤਾ ਮਤਲਬ ਸੰਕਲਪ ਕੀਤਾ -ਨਿਰਣੇ ਸ਼ਕਤੀ। ਤਾਂ ਸੈਕਿੰਡ ਤੋਂ ਵੀ ਘਟ ਸਮੇਂ ਵਿੱਚ ਨਿਰਣੇ ਸ਼ਕਤੀ ਹਾਜ਼ਿਰ ਹੋ ਜਾਏ, ਕਹਿਣ ਸਵਰਾਜ ਅਧਿਕਾਰੀ ਹਾਜ਼ਿਰ। ਇਵੇਂ ਆਡਰ ਵਿੱਚ ਹਨ? ਜਾਂ ਇੱਕ ਮਿੰਟ ਆਪਣੇ ਵਿੱਚ ਲਿਆਉਣ ਵਿੱਚ ਲੱਗੇਗਾ ਫਿਰ ਦੂਸਰੇ ਨੂੰ ਦੇ ਸਕੋਂਗੇ? ਜੇਕਰ ਸਮੇਂ ਤੇ ਜਿਸ ਨੂੰ ਜੋ ਚਾਹੀਦਾ ਹੈ ਉਹ ਨਹੀਂ ਦੇ ਸਕਦੇ ਤਾਂ ਕੀ ਹੋਵੇਗਾ? ਤਾਂ ਸਭ ਬੱਚਿਆਂ ਦੇ ਦਿਲ ਵਿੱਚ ਤੇ ਇਹ ਸੰਕਲਪ ਤੇ ਚਲ ਰਿਹਾ ਹੈ - ਅੱਗੇ ਕੀ ਹੋਣਾ ਹੈ ਅਤੇ ਕੀ ਕਰਨਾ ਹੈ? ਹੋਣਾ ਤੇ ਬਹੁਤ ਕੁਝ ਹੈ। ਸੁਣਿਆ ਨਾ ਇਹ ਤਾਂ ਰਿਹਰਸਲ ਹੈ। ਇਹ 6 ਮਹੀਨੇ ਦੀ ਤਿਆਰੀ ਦੀ ਘੰਟੀ ਵੱਜੀ ਹੈ, ਘੰਟਾ ਨਹੀਂ ਵੱਜਿਆ ਹੈ। ਪਹਿਲੇ ਘੰਟਾ ਵੱਜੇਗਾ, ਫਿਰ ਨਗਾੜਾ ਵੱਜੇਗਾ। ਡਰੋਗੇ? ਥੋੜ੍ਹਾ ਥੋੜ੍ਹਾ ਡਰਣਗੇ? ਸ਼ਕਤੀ ਸਵਰੂਪ ਆਤਮਾਵਾਂ ਨੇ ਕੀ ਸਵਰੂਪ ਦਿਖਾਇਆ ਹੈ? ਸ਼ਕਤੀਆਂ ਨੂੰ (ਸ਼ਕਤੀ ਸਵਰੂਪ ਵਿੱਚ ਪਾਂਡਵ ਵੀ ਆ ਗਏ ਤਾਂ ਸ਼ਕਤੀਆਂ ਵੀ ਆ ਗਈਆਂ) ਸਦਾ ਸ਼ਕਤੀਆਂ ਨੂੰ ਕਿਸੇ ਨੂੰ 4 ਬਾਹਾਂ , ਕਿਸੇ ਨੂੰ 6 ਬਾਹਾਂ, ਕਿਸੇ ਨੂੰ 8

ਬਾਹਾਂ, ਕਿਸੇ ਨੂੰ 16 ਬਾਹਾਂ, ਸਧਾਰਨ ਨਹੀਂ ਦਿਖਾਉਂਦੇ ਹਨ। ਇਹ ਬਾਹਵਾਂ ਸਰਵ ਸ਼ਕਤੀਆਂ ਦਾ ਸੂਚਕ ਹੈ ਇਸਲਈ ਸਰਵਸ਼ਕਤੀਵਾਂਨ ਦੁਆਰਾ ਪ੍ਰਾਪਤ ਆਪਣੀ ਸ਼ਕਤੀਆਂ ਨੂੰ ਇਮਰਜ਼ ਕਰੋ। ਇਸਦੇ ਲਈ ਇਹ ਨਹੀਂ ਸੋਚੋ ਕਿ ਸਮੇਂ ਆਉਣ ਤੇ ਇਮਰਜ ਹੋ ਜਾਣਗੀਆਂ ਪਰ ਸਾਰੇ ਦਿਨ ਵਿੱਚ ਵੀ ਖੁਦ ਪ੍ਰਤੀ ਵੱਖ - ਵੱਖ ਸ਼ਕਤੀਆਂ ਯੂਜ਼ ਕਰਕੇ ਦੇਖੋ। ਸਭਤੋਂ ਪਹਿਲੇ ਅਭਿਆਸ ਸਵਰਾਜ ਅਧਿਕਾਰੀ ਸਾਰੇ ਦਿਨ ਵਿੱਚ ਕਿਥੋਂ ਤੱਕ ਕੰਮ ਵਿੱਚ ਲੱਗਦਾ ਹੈ? ਮੈਂ ਤਾਂ ਹਾਂ ਹੀ ਆਤਮਾ ਮਾਲਿਕ, ਇਹ ਨਹੀਂ। ਮਾਲਿਕ ਹੋਕੇ ਆਡਰ ਕਰੋ ਅਤੇ ਚੈਕ ਕਰੋ ਕੀ ਸਾਰੀ ਕਰਮਇੰਦਰੀਆਂ ਮੁਝ ਰਾਜੇ ਦੇ ਲਵ ਅਤੇ ਲਾਅ ਵਿੱਚ ਚੱਲਦੇ ਹਨ? ਆਡਰ ਕਰੋ ਮਨਮਨਾਭਵ ਅਤੇ ਮਨ ਜਾਏ ਨੇਗਟਿਵ ਅਤੇ ਵੇਸ੍ਰ ਵਿੱਚ, ਕੀ ਇਹ ਲਵ ਅਤੇ ਲਾਅ ਰਿਹਾ? ਆਡਰ ਕਰਨ ਕਿ ਮਧੁਰਤਾ ਸਵਰੂਪ ਬਣਨਾ ਹੈ ਅਤੇ ਸਮੱਸਿਆ ਸ੍ਵਰੂਪਰ, ਪਰਿਸਥਿਤੀ ਅਨੁਸਾਰ ਗੁੱਸੇ ਦਾ ਮਹਾਰੂਪ ਨਹੀਂ ਪਰ ਸੂਕ੍ਸ਼੍ਮ ਰੂਪ ਵਿੱਚ ਆਵੇਸ਼ ਅਤੇ ਚਿੜਚਿੜਾਪਨ ਆ ਰਿਹਾ ਹੈ, ਕੀ ਇਹ ਆਡਰ ਹੈ? ਆਡਰ ਵਿੱਚ ਹੋਇਆ?

ਆਡਰ ਕਰਨ ਸਾਨੂੰ ਨਿਰਮਾਣ ਬਣਨਾ ਹੈ ਅਤੇ ਵਾਯੂਮੰਡਲ ਅਨੁਸਾਰ ਸੋਚੋਂ ਕਿੱਥੋਂ ਤੱਕ ਦੱਬ ਕੇ ਚੱਲਾਂਗੇ, ਕੁਝ ਤੇ ਦਿਖਾਉਣਾ ਚਾਹੀਦਾ ਹੈ। ਕੀ ਮੈਨੂੰ ਹੀ ਦਬਣਾ ਹੈ? ਮੈਨੂੰ ਹੀ ਮਰਨਾ ਹੈ! ਮੈਨੂੰ ਹੀ ਬਦਲਣਾ ਹੈ? ਕੀ ਇਹ ਲਵ ਅਤੇ ਆਡਰ ਹੈ? ਇਸਲਈ ਵਿਸ਼ਵ ਦੇ ਉਪਰ, ਚਿਲਾਉਣ ਵਾਲੇ ਦੁੱਖੀ ਆਤਮਾਵਾਂ ਦੇ ਉੱਪਰ ਰਹਿਮ ਕਰਨ ਦੇ ਪਹਿਲੇ ਆਪਣੇ ਉਪਰ ਰਹਿਮ ਕਰੋ। ਆਪਣਾ ਅਧਿਕਾਰ ਸੰਭਾਲੋ। ਅੱਗੇ ਚਲ ਚਾਰੋਂ ਪਾਸੇ ਸਾਕਾਸ਼ ਦੇਣ ਦਾ, ਵਾਈਬ੍ਰੇਸ਼ਨ ਦੇਣ ਦਾ, ਮਨਸਾ ਦਵਾਰਾ ਵਾਯੂਮੰਡਲ ਬਣਾਉਣ ਦਾ ਬਹੁਤ ਕੰਮ ਕਰਨਾ ਹੈ। ਪਹਿਲੇ ਵੀ ਸੁਣਾਇਆ ਕਿ ਹੁਣ ਤੱਕ ਜੋ ਜੋ ਜਿਥੋਂ ਤੱਕ ਸੇਵਾ ਦੇ ਨਿਮਿਤ ਹਨ, ਬਹੁਤ ਚੰਗੀ ਕੀਤੀ ਹੈ ਅਤੇ ਕਰਨਗੇ ਵੀ ਪਰ ਹੁਣ ਸਮੇਂ ਪ੍ਰਮਾਣ ਤੀਵਰਗਤੀ ਅਤੇ ਬੇਹੱਦ ਦੀ ਸੇਵਾ ਦੀ ਜਰੂਰਤ ਹੈ। ਤਾਂ ਹਾਲੇ ਪਹਿਲੇ ਹਰ ਦਿਨ ਨੂੰ ਚੈਕ ਕਰੋ ਸਵਰਾਜ ਅਧਿਕਾਰ ਕਿਥੋਂ ਤੱਕ ਰਿਹਾ? ਆਤਮਾ ਮਾਲਿਕ ਹੋਕੇ ਕਰਮਇੰਦਰੀਆਂ ਨੂੰ ਚਲਾਏ। ਸਮ੍ਰਿਤੀ ਸਵਰੂਪ ਰਹੇ ਕਿ ਮੈਂ ਮਾਲਿਕ ਇਹਨਾਂ ਸਾਥੀਆਂ ਨਾਲ, ਸਹਿਯੋਗੀਆਂ ਕੋਲੋਂ ਕੰਮ ਕਰਵਾ ਰਿਹਾ ਹਾਂ ਸਵਰੂਪ ਵਿੱਚ ਨਸ਼ਾ ਰਹੇ ਤਾਂ ਖੁਦ ਹੀ ਇਹ ਸਭ ਕਰਮਇੰਦਰੀਆਂ ਤੁਹਾਡੇ ਅੱਗੇ ਜੀ ਹਜ਼ੂਰ,ਜੀ ਹਜ਼ੂਰ ਖੁਦ ਹੀ ਕਰਨਗੀਆਂ ਮਿਹਨਤ ਨਹੀਂ ਕਰਨੀ ਪਵੇਗੀ। ਅੱਜ ਵਿਅਰਥ ਸੰਕਲਪ ਨੂੰ ਮਿਟਾਓ, ਅੱਜ ਸੰਸਕਾਰ ਨੂੰ ਮਿਟਾਓ, ਅੱਜ ਨਿਰਣੇ ਸ਼ਕਤੀ ਨੂੰ ਪ੍ਰਗਟ ਕਰੋ। ਇੱਕ ਧੱਕ ਨਾਲ ਸਭ ਕਰਮਇੰਦਰੀਆਂ ਅਤੇ ਮਨ -ਬੁੱਧੀ -ਸੰਸਕਾਰ ਜੋ ਤੁਸੀਂ ਚਾਹੁੰਦੇ ਹੋ, ਉਹ ਕਰਨਗੇ। ਹਾਲੇ ਕਹਿੰਦੇ ਹਨ ਨਾ - ਬਾਬਾ ਚਾਹੁੰਦੇ ਤਾਂ ਇਹ ਹਾਂ ਪਰ ਹਾਲੇ ਇਤਨਾ ਨਹੀਂ ਹੋਇਆ ਹੈ... ਫਿਰ ਕਹਿਣਗੇ ਜੋ ਚਾਹੁੰਦੇ ਹਾਂ ਉਹ ਹੋ ਗਿਆ, ਸਹਿਜ। ਤਾਂ ਸਮਝਾ ਕੀ ਕਰਨਾ ਹੈ? ਆਪਣੇ ਅਧਿਕਾਰ ਦੀਆਂ ਸਿੱਧੀਆਂ ਨੂੰ ਕੰਮ ਵਿੱਚ ਲਗਾਓ। ਆਡਰ ਕਰੋ ਸੰਸਕਾਰ ਨੂੰ। ਸੰਸਕਾਰ ਤੁਹਾਨੂੰ ਕਿਉਂ ਆਡਰ ਕਰਦਾ? ਸੰਸਾਕਰ ਨਹੀਂ ਮਿਟਦਾ, ਕਿਉਂ? ਬਣਿਆ ਹੋਇਆ ਹੈ ਸੰਸਕਾਰ ਤੁਹਾਡੇ ਆਡਰ ਵਿੱਚ। ਮਾਲਿਕਪਨ ਲਿਆਓ। ਤਾਂ ਹੋਰਾਂ ਦੀ ਸੇਵਾ ਦੀ ਬਹੁਤ -ਬਹੁਤ - ਬਹੁਤ - ਬਹੁਤ ਜ਼ਰੂਰਤ ਹੈ। ਇਹ ਤਾਂ ਕੁਝ ਵੀ ਨਹੀਂ ਹੈ, ਬਹੁਤ ਨਾਜ਼ੁਕ ਸਮਾਂ ਆਉਣਾ ਹੀ ਹੈ। ਅਜਿਹੇ ਸਮੇਂ ਤੇ ਤੁਸੀਂ ਉੱਡਦੀ ਕਲਾ ਦਵਾਰਾ ਫਰਿਸ਼ਤਾ ਬਣ ਚਾਰੋਂ ਪਾਸੇ ਚੱਕਰ ਲਗਾਉਂਦੇ, ਜਿਸਨੂੰ ਸ਼ਾਂਤੀ ਚਾਹੀਦੀ, ਜਿਸਨੂੰ ਖੁਸ਼ੀ ਚਾਹੀਦੀ, ਜਿਸਨੂੰ ਸੰਤੁਸ਼ਟਤਾ ਚਾਹੀਦੀ, ਫਰਿਸ਼ਤੇ ਰੂਪ ਵਿੱਚ ਸਾਕਾਸ਼ ਦੇਣ ਦਾ ਚੱਕਰ ਲਗਾਓਗੇ ਅਤੇ ਉਹ ਅਨੁਭਵ ਕਰਨਗੇ। ਜਿਵੇਂ ਹਾਲੇ ਅਨੁਭਵ ਕਰਦੇ ਹਨ ਨਾ, ਪਾਣੀ ਮਿਲ ਗਿਆ ਬਹੁਤ ਪਿਆਸ ਗਈ। ਖਾਣਾ ਮਿਲ ਗਿਆ, ਟੈਂਟ ਮਿਲ ਗਿਆ, ਸਹਾਰਾ ਮਿਲ ਗਿਆ। ਇੰਝ ਅਨੁਭਵ ਕਰਨਗੇ ਫ਼ਰਿਸ਼ਤਿਆਂ ਦਵਾਰਾ ਸ਼ਾਂਤੀ ਮਿਲ ਗਈ, ਸ਼ਕਤੀ ਮਿਲ ਗਈ, ਖੁਸ਼ੀ ਮਿਲ ਗਈ। ਇਵੇਂ ਅੰਤ ਵਾਹਕ ਮਤਲਬ ਅੰਤਿਮ ਸਥਿਤੀ, ਪਾਵਰਫੁੱਲ ਸਥਿਤੀ ਤੁਹਾਡਾ ਅੰਤਿਮ ਵਾਹਨ ਬਣੇਗਾ। ਅਤੇ ਚਾਰੋਂ ਪਾਸੇ ਚੱਕਰ ਲਗਾਉਂਦੇ ਸਭਨੂੰ ਸ਼ਕਤੀਆਂ ਦਵੋਗੇ, ਸਾਧਨ ਦਵੋਗੇ। ਆਪਣਾ ਰੂਪ ਸਾਹਮਣੇ ਆਉਂਦਾ ਹੈ? ਇਮਰਜ਼ ਕਰੋ। ਕਿੰਨੇ ਫ਼ਰਿਸ਼ਤੇ ਚੱਕਰ ਲਗਾ ਰਹੇ ਹੋ! ਸਾਕਾਸ਼ ਦੇ ਰਹੇ ਹਨ, ਉਦੋਂ ਕਹਾਂਗੇ ਤੁਸੀਂ ਜੋ ਗੀਤ ਵਜਾਉਂਦੇ ਹੋ ਨਾ - ਸ਼ਕਤੀਆਂ ਆ ਗਈ... ਸ਼ਕਤੀਆਂ ਦਵਾਰਾ ਹੀ ਸਰਵਸ਼ਕਤੀਵਾਂਨ ਖੁਦ ਹੀ ਸਿੱਧ ਹੋ ਜਾਏਗਾ। ਸੁਣਿਆ।

ਜੋ ਹੁਣ ਤੱਕ ਕੀਤਾ, ਜੋ ਚੱਲਿਆ ਉਹ ਸਮੇਂ ਪ੍ਰਮਾਣ ਚੰਗੇ ਤੋਂ ਚੰਗਾ ਹੋਇਆ। ਹੁਣ ਅੱਗੇ ਹੋਰ ਚੰਗੇ ਤੋਂ ਚੰਗਾ ਹੋਣਾ ਹੀ ਹੈ। ਅੱਛਾ। ਘਬਰਾਏ ਤੇ ਨਹੀਂ। ਸਮਾਚਾਰ ਸੁਣਕੇ, ਦੇਖਕੇ ਘਬਰਾਏ? ਇਹ ਤਾਂ ਕੁਝ ਨਹੀਂ ਹੈ। ਤੁਹਾਡੇ ਕੋਲ ਸਭ ਕੁਝ ਹੈ ਅਤੇ ਇਹ ਕੁਝ ਵੀ ਨਹੀਂ ਹੈ। ਪਰ ਫਿਰ ਵੀ ਤੁਹਾਡੇ ਭਰਾ ਭੈਣ ਹਨ ਇਸਲਈ ਉਹਨਾਂ ਦੀ ਸੇਵਾ ਕਰਨਾ ਵੀ ਚੰਗਾ ਹੈ। ਹਾਲੇ ਰਾਜ ਅਧਿਕਾਰ, ਅਕਾਲਤਖ਼ਤ ਵਿੱਚ ਬੈਠੇ ਰਹੋ, ਥਲੇ ਉਪਰ ਨਹੀਂ ਆਓ ਫਿਰ ਦੇਖੋ ਸਰਕਾਰ ਨੂੰ ਵੀ ਸਾਕਸ਼ਾਤਕਾਰ ਹੋਵੇਗਾ - ਇਹ ਹੀ ਹਨ, ਇਹ ਹੀ ਹਨ, ਇਹ ਹੀ ਹਨ। ਤਖ਼ਤ ਤੋਂ ਉੱਤਰੋ ਨਹੀਂ, ਅਧਿਕਾਰ ਛੱਡੋ ਨਹੀਂ, ਅਧਿਕਾਰ ਹਰ ਸਮੇਂ ਚਲਾਓ, ਖੁਦ ਤੇ, ਦੂਜਿਆਂ ਤੇ ਨਹੀਂ ਚਲਾਉਣਾ। ਅੱਛਾ।

ਨਵੇਂ - ਨਵੇਂ ਬੱਚੇ ਵੀ ਬਹੁਤ ਆਏ ਹਨ। ਵ੍ਰਿਧੀ ਤੇ ਹੋਣੀ ਹੀ ਹੈ। ਜੋ ਇਸ ਕਲਪ ਵਿੱਚ, ਇਸ ਵਾਰੀ ਪਹਿਲੀ ਵਾਰੀ ਆਏ ਹਨ ਉਹ ਹੱਥ ਉਠਾਓ। ਚੰਗਾ ਕੀਤਾ। ਹਿੰਮਤ ਰੱਖਕੇ ਪਹੁੰਚ ਗਏ ਤਾਂ ਪਹੁੰਚ ਗਏ ਨਾ। ਜੋ ਬੈਠ ਗਏ, ਉਹ ਬੈਠ ਗਏ ਅਤੇ ਹੋਇਆ ਕੁਝ ਵੀ ਨਹੀਂ। ਹਿੰਮਤ ਬਹੁਤ ਜਰੂਰੀ ਹੈ। ਕਿਸੇ ਵੀ ਕੰਮ ਵਿੱਚ ਹਿੰਮਤ ਹੈ ਤਾਂ ਸਮਝੋਂ ਸਫ਼ਲਤਾ ਹੈ। ਹਿੰਮਤ ਘਟ ਸਫ਼ਲਤਾ ਘਟ, ਇਸਲਈ ਹਿੰਮਤ ਅਤੇ ਨਿਰਭੈ, ਡਰ ਨਾਲ ਨਹੀਂ ਆਉਣਾ, ਇਹ ਕੀ ਹੋ ਰਿਹਾ ਹੈ। ਮਰ ਰਿਹਾ ਹੈ ਕੋਈ ਤਾਂ ਉਹ ਮਰ ਰਿਹਾ ਹੈ, ਡਰ ਤੁਹਾਨੂੰ ਆ ਰਿਹਾ ਹੈ। ਨਿਰਭੈ। ਠੀਕ ਹੈ ਉਸਨੂੰ ਸ਼ਾਂਤੀ ਦਾ ਸਹਿਯੋਗ ਦਵੋ, ਉਸ ਆਤਮਾ ਨੂੰ ਰਹਿਮਦਿਲ ਦੀ ਭਾਵਨਾ ਨਾਲ ਸਹਿਯੋਗ ਦਵੋ, ਡਰ ਨਾਲ ਨਹੀਂ ਆਓ। ਡਰ ਸਭਤੋਂ ਵੱਡੇ ਤੋਂ ਵੱਡਾ ਭੂਤ ਹੈ। ਹੋਰ ਭੂਤ ਕੱਢ ਸਕਦੇ ਹਨ, ਡਰ ਦਾ ਭੂਤ ਬੜਾ ਮੁਸ਼ਕਿਲ ਨਿਕਲਦਾ ਹੈ। ਕਿਸੇ ਵੀ ਗੱਲ ਦਾ ਡਰ, ਸਿਰਫ਼ ਮਰਨ ਵਾਲਿਆਂ ਦਾ ਡਰ ਨਹੀਂ, ਕਈ ਗੱਲਾਂ ਦਾ ਡਰ ਹੁੰਦਾ ਹੈ। ਜੋ ਅਨੇਕ ਤਰ੍ਹਾਂ ਦੇ ਡਰ ਹਨ, ਆਪਣੀ ਕਮਜ਼ੋਰੀ ਦੇ

ਕਾਰਨ ਵੀ ਡਰ ਹੁੰਦਾ ਹੈ। ਉਹਨਾਂ ਸਭ ਵਿੱਚ ਨਿਰਭੈ ਬਣਨ ਦਾ ਸਾਧਨ ਹੈ, ਉਹ ਹੈ ਸਦਾ ਸਾਫ਼ ਦਿਲ, ਸੱਚੀ ਦਿਲ। ਤਾਂ ਡਰ ਕਦੀ ਨਹੀਂ ਆਏਗਾ। ਜਰੂਰ ਕੋਈ ਦਿਲ ਦੀ ਗੱਲ ਸਮਾਈ ਹੋਈ ਹੁੰਦੀ ਹੈ ਜਿਸ ਤੋਂ ਡਰ ਹੁੰਦਾ ਹੈ। ਸਾਫ਼ ਦਿਲ, ਸੱਚੀ ਦਿਲ ਤਾਂ ਸਾਹਿਬ ਰਾਜ਼ੀ ਅਤੇ ਹੋਰ ਵੀ ਰਾਜ਼ੀ।

ਅੱਛਾ - ਨਵੇਂ - ਨਵੇਂ ਆਉਣ ਵਾਲੇ ਬੱਚਿਆਂ ਨੂੰ, ਨਵੀ ਜੀਵਨ ਵਿੱਚ ਪਰਮਾਤਮ ਭਾਗ ਨੂੰ ਪ੍ਰਾਪਤ ਕਰਨ ਦੀ ਮੁਬਾਰਕ ਹੋਵੇ। ਅੱਛਾ। ਫ਼ਾਰੇਂਨ ਦੇ ਵੀ ਬਹੁਤ ਆਏ ਹਨ। ਫ਼ਾਰੇਂਨ ਗਰੁਪ ਹੱਥ ਉੱਠਾਓ। (ਕਰੀਬ 700 ਆਏ ਹਨ) ਭਾਵੇ ਪਧਾਰੇ। ਵੈਲਕਮ। ਮਹਾਰਾਸ਼ਟਰ , ਆਂਧਰਪ੍ਰਦੇਸ਼ ਦੀ ਸੇਵਾ ਹੈ :- ਮਹਾਰਾਸ਼ਟਰ ਵਾਲੇ ਹੱਥ ਉਠਾਓ (4 ਹਜ਼ਾਰ ਆਏ ਹਨ) ਤਾਂ 4 ਹਜ਼ਾਰ ਨੂੰ 4ਪਦਮ ਵਾਰ ਮੁਬਾਰਕ ਹੋਵੇ। ਚੰਗਾ ਕੀਤਾ ਹੈ, ਹਰ ਗਰੁੱਪ ਦੀ ਆਪਣੀ -ਆਪਣੀ ਸੇਵਾ ਦੀ ਸ਼ੋਭਾ ਹੈ ਕਿਉਂਕਿ ਸੇਵਾ ਦੇ ਪਹਿਲੇ ਤਾਂ ਪਰਿਵਾਰ ਦੇ ਸਾਹਮਣੇ ਨਜ਼ਦੀਕ, ਆਉਣ ਦਾ ਗੋਲਡਨ ਚਾਂਸ ਮਿਲਦਾ ਹੈ ਨਾ? ਨਹੀਂ ਤਾਂ ਕੌਣ ਪੁੱਛੇਗਾ ਮਹਾਰਾਸ਼ਟਰ ਹੈ ਜਾਂ ਆਂਧਰਾ ਹੈ? ਪਰ ਵਿਸ਼ੇਸ਼ ਸੇਵਾ ਦਾ ਚਾਂਸ ਲੈਣ ਨਾਲ ਪਰਿਵਾਰ ਦੇ, ਦਾਦੀਆਂ ਦੇ, ਦਾਦਾਵਾਂ ਦੇ ਸਾਹਮਣੇ ਆਉਂਦੇ ਹਨ। ਅਤੇ ਖੁਸ਼ੀ ਵੀ ਹੁੰਦੀ ਹੈ ਕਾਰਨ? ਦੇਖੋ ਸੈਂਟ੍ਰਸ ਤੇ ਸੇਵਾ ਕਰਦੇ ਹੋ ਕਿੰਨਿਆਂ ਦੀ? ਚੱਲੋ ਜ਼ਿਆਦਾ ਤੋਂ ਜਿਆਦਾ 50 -100, ਅਤੇ ਇੱਕ ਤਾਂ ਏਥੇ ਜਦੋਂ ਸੇਵਾ ਕਰਦੇ ਹੋ ਤਾਂ ਹਜ਼ਾਰਾਂ ਦੀ ਸੇਵਾ ਕਰਦੇ ਹੋ ਅਤੇ ਹਜਾਰਾਂ ਦੀ ਸੇਵਾ ਦੇ ਰਿਟਰਨ ਵਿੱਚ ਜੋ ਦੁਆਵਾਂ ਮਿਲਦੀਆਂ ਹਨ ਨਾ, ਬਹੁਤ ਚੰਗੀ ਸੇਵਾ ਕੀਤੀ, ਬਹੁਤ ਵਧੀਆ ਸੇਵਾ ਕੀਤੀ। ਇਹ ਦੁਆਵਾਂ ਨਿਕਲਦੀਆਂ ਹਨ। ਉਹ ਦੁਆਵਾਂ ਇੱਕ ਤਾਂ ਵਰਤਮਾਨ ਸਮੇਂ ਵਿੱਚ ਖੁਸ਼ੀ ਦਵਾਉਦੀਆਂ ਹਨ ਦੂਸਰਾ ਜਮਾਂ ਵੀ ਹੁੰਦਾ ਹੈ। ਡਬਲ ਫਾਇਦਾ ਹੈ ਇਸਲਈ ਜਿਨ੍ਹਾਂ ਨੇ ਸੇਵਾ ਕੀਤੀ ਤਾਂ ਸੇਵਾ ਦਾ ਮੇਵਾ ਖੁਸ਼ੀ ਵੀ ਮਿਲੀ ਅਤੇ ਜਮਾਂ ਦਾ ਖਾਤਾ ਵੀ ਜਮਾਂ ਹੋਇਆ। ਡਬਲ ਫਾਇਦਾ ਹੋ ਗਿਆ ਨਾ! ਹਾਲੇ ਮੈਜੋਰਿਟੀ ਸਭ ਜੋਨ ਚੰਗਾ ਸਿੱਖ ਵੀ ਗਏ ਹਨ, ਅਭਿਆਸ ਹੋ ਗਿਆ ਹੈ। ਚੰਗਾ, ਕੀਤਾ ਮੁਬਾਰਕ ਹੈ। (100 ਕੁਮਾਰੀਆਂ ਦਾ ਸਮਰਪਣ ਹੈ) ਅੱਛਾ - 100 ਕੁਮਾਰੀਆਂ ਉੱਠੋ। ਸਭ ਦੇਖੋ। ਜਿੱਥੇ ਵੀ ਟੀ. ਵੀ. ਹੈ ਉੱਥੇ ਦਿਖਾਓ। ਚੰਗਾ ਹੈ, ਉਵੇਂ ਤਾਂ ਸਮਰਪਣ ਤਾਂ ਹੈ ਹੀ। ਪਰ ਸਮਰਪਣ ਦਾ ਪੱਕਾ ਸਟੈਂਪ ਲੱਗਣਾ ਹੈ।

ਇਹ ਆਲਮਾਈਟੀ ਸਰਕਾਰ ਦਾ ਸਟੈਂਪ ਮਿਟ ਨਹੀਂ ਸਕੇਗਾ। ਪੱਕਾ ਹੈ ਨਾ! ਪੱਕਾ! ਪੱਕਾ? ਜੋ ਸਮਝਦੇ ਹਨ ਬਹੁਤ -ਬਹੁਤ - ਬਹੁਤ ਪੱਕਾ ਹੈ ਉਹ ਇਵੇਂ ਹੱਥ ਹਿਲਾਓ। ਬਹੁਤ ਪੱਕਾ? ਮਹਾਰਾਸ਼ਟਰ ਹੈ। ਕੋਈ ਮਹਾਨਤਾ ਤਾਂ ਦਿਖਾਏਗਾ ਨਾ! ਬਹੁਤ ਅੱਛਾ, ਬਾਪਦਾਦਾ ਦੇ ਵੱਲੋਂ ਬਹੁਤ -ਬਹੁਤ ਅਰਬ -ਖ਼ਰਬ ਵਾਰ ਮੁਬਾਰਕ ਹੋਵੇ, ਵਧਾਈ ਹੋਵੇ। ਅੱਛਾ।

ਹੁਣ ਇੱਕ ਸੈਕਿੰਡ ਵਿੱਚ ਫਰਿਸ਼ਤਾ ਬਣ ਵਿਸ਼ੇਸ਼ ਜਿੱਥੇ ਇਹ ਅਰਥ ਕਵੇਕ ਹੋਈ ਹੈ, ਉਹਨਾਂ ਚਾਰੋਂ ਪਾਸੇ ਫ਼ਰਿਸ਼ਤਾ ਬਣ ਉੱਡਦੀ ਕਲਾ ਦਵਾਰਾ ਸ਼ਾਂਤੀ, ਸ਼ਕਤੀ ਅਤੇ ਸੰਤੁਸ਼ਟਤਾ ਦੀ ਸਾਕਾਸ਼ ਫੈਲਾਕੇ ਆਓ। ਚੱਕਰ ਲਗਾਕੇ ਆਓ ਇਕ ਸੈਕਿੰਡ ਵਿੱਚ। ਸਭਦੇ ਸਭ ਚੱਕਰ ਲਗਾਕੇ ਆਓ। ਅੱਛਾ। (ਡਰਿਲ)

ਚਾਰੋਂ ਪਾਸੇ ਦੇ ਦੇਸ਼ ਅਤੇ ਵਿਦੇਸ਼ ਦੇ ਫਰਿਸ਼ਤੇ ਰੂਪ ਵਿੱਚ ਵਿਰਾਜਮਾਨ, ਖੁਦ ਅਧਿਕਾਰੀ ਬੱਚਿਆਂ ਨੂੰ ਸਦਾ ਲਵ ਅਤੇ ਲਾਅ ਨਾਲ ਆਪਣੇ ਸਹਿਯੋਗੀ, ਸੂਕ੍ਸ਼੍ਮ ਅਤੇ ਸਥੂਲ ਸਹਿਯੋਗੀ ਸਾਥੀਆਂ ਨੂੰ ਚਲਾਉਣ ਵਾਲੇ, ਸਦਾ ਬਾਪਦਾਦਾ ਦਵਾਰਾ ਪ੍ਰਾਪਤ ਰੂਹਾਨੀ ਸਾਥੀਆਂ ਨੂੰ ਏਵਰਰੇਡੀ ਬਣਾਉਣ ਵਾਲੇ, ਮੈਂ ਆਤਮਾ ਰਾਜਾ ਬਣ ਰਾਜ ਅਧਿਕਾਰੀ ਦਾ ਅਨੁਭਵ ਕਰਨ ਵਾਲੇ, ਸਦਾ ਉੱਡਦੀ ਕਲਾ ਦਵਾਰਾ ਫਰਿਸ਼ਤੇ ਰੂਪ ਨਾਲ ਚਾਰੋਂ ਪਾਸੇ ਸਾਕਸ਼ ਦੇਣ ਵਾਲੇ ਸ਼ਕਤੀ ਸਵਰੂਪ ਆਤਮਾਵਾਂ ਨੂੰ ਸਦਾ ਸਾਫ਼ ਦਿਲ, ਸੱਚੀ ਦਿਲ ਦੁਆਰਾ ਨਿਰਭੈ, ਨਿਰਾਕਾਰੀ ਸਥਿਤੀ ਵਿੱਚ ਅਨੁਭਵ ਕਰਨ ਵਾਲੇ ਵਿਸ਼ਵ ਕਲਿਆਣਕਾਰੀ, ਵਿਸ਼ਵ ਪਰਿਵਰਤਕ ਆਤਮਾਵਾਂ ਨੂੰ ਬਪਦਾਦਾ ਦਾ ਯਾਦਪਿਆਰ ਅਤੇ ਨਮਸਤੇ।

ਦਾਦੀਆਂ ਨਾਲ :- ਤੁਸੀਂ ਸਭਨੂੰ ਖੁਸ਼ੀ ਹੋ ਰਹੀ ਹੈ ਨਾ, ਸਾਡੀਆਂ ਨਿਮਿਤ ਦਾਦੀਆਂ, ਦਾਦੇ ਸਾਹਮਣੇ ਆਏ ਹਨ ਤਾਂ ਖੁਸ਼ੀ ਹੈ ਨਾ! ਕਿ ਤੁਸੀਂ ਵੀ ਆਉਣਾ ਚਾਹੁੰਦੇ ਹੋ? ਹੋਰ ਹੀ ਸਾਹਮਣੇ ਚੰਗਾ ਹੈ। ਸਾਹਮਣੇ ਵਾਲੇ ਨੂੰ ਜ਼ਿਆਦਾ ਦੇਖਦੇ ਹਨ। ਇੱਥੇ ਤੇ ਇਵੇਂ ਕਰਨਾ ਪਵੇਗਾ। ਅਤੇ ਸਾਹਮਣੇ ਵਾਲੇ ਨੂੰ ਤਾਂ ਬਾਰ - ਬਾਰ ਦੇਖ ਰਹੇ ਹਨ।

ਅੱਛਾ (ਜਗਦੀਸ਼ ਭਰਾ ਨਾਲ) ਸਭ ਠੀਕ ਹੈ। ਸਭਤੋਂ ਚੰਗੀ ਗੱਲ ਹੈ ਆਪਣੇ ਨੂੰ ਸ਼ਰੀਰ ਸਹਿਤ ਬਾਪ ਦੇ ਹਵਾਲੇ ਕਰ ਲਿਆ। ਉਵੇਂ ਤਾਂ ਬਾਪ ਨੂੰ ਆਪਣਾ ਸਭ ਦੇ ਦਿਤਾ ਹੈ। ਦੇ ਦਿੱਤਾ ਹੈ ਜਾਂ ਦੇਣਾ ਹੈ? ਤੁਸੀਂ ਲੋਕਾਂ ਨੇ ਨਿਮਿਤ ਆਤਮਾਵਾਂ ਨੇ ਤਾਂ ਦੇ ਦਿੱਤਾ ਹੈ, ਤਾਂ ਤੇ ਤੁਹਾਨੂੰ ਸਾਕਾਰ ਰੂਪ ਵਿੱਚ ਫਾਲੋ ਕਰ ਰਹੇ ਹਨ। ਸਾਕਾਰ ਰੂਪ ਵਿੱਚ ਮਹਾਰਥੀਆਂ ਨੂੰ ਦੇਖ ਸਭਨੂੰ ਸ਼ਕਤੀ ਮਿਲਦੀ ਹੈ। ਤਾਂ ਇਹ ਸਾਰਾ ਗਰੁੱਪ ਕੀ ਹੈ? ਸ਼ਕਤੀ ਦਾ ਸਰੋਤ ਹੈ। ਹੈ ਨਾ! (ਦਾਦੀ ਜਾਨਕੀ ਕਹਿ ਰਹੀ ਹੈ ਚਲਾਉਣ ਵਾਲਾ ਰਮਜ਼ਬਾਜ ਹੈ) ਰਮਜ਼ਬਾਜ ਨਹੀਂ ਹੁੰਦਾ ਤਾਂ ਇੰਨੀ ਵ੍ਰਿਧੀ ਕਿਵੇਂ ਹੁੰਦੀ। ਬਾਪ ਕਹਿੰਦੇ ਹਨ ਚਲਾਉਣ ਵਾਲੇ ਵੀ ਬਾਪ ਤੋਂ ਜ਼ਿਆਦਾ ਚਤੁਰਸੁਜਾਨ ਹਨ।

ਅੱਛਾ, ਸਭ ਸਦਾ ਇੱਕ ਸ਼ਬਦ ਦਿਲ ਨਾਲ ਗਾਉਂਦੇ ਰਹਿੰਦੇ "ਮੇਰਾ ਬਾਬਾ"। ਇਹ ਗੀਤ ਗਾਣਾ ਸਭਨੂੰ ਆਉਂਦਾ ਹੈ ਨਾ! ਮੇਰਾ ਬਾਬਾ, ਇਹ ਗੀਤ ਗਾਉਣਾ ਆਉਂਦਾ ਹੈ ਨਾ! ਮੇਰਾ ਕਿਹਾ ਅਤੇ ਆਪਣਾ ਬਣਾ ਲਿਆ। ਬਾਪ ਕਹਿੰਦੇ ਹਨ, ਬੱਚੇ ਬਾਪ ਤੋਂ ਵੀ ਹੁਸ਼ਿਆਰ ਹਨ। ਕਿਉਂ? ਭਗਵਾਨ ਨੂੰ ਬੰਨ੍ਹ ਲਿਆ ਹੈ। (ਦਾਦੀ ਜਾਨਕੀ ਨਾਲ) ਬੰਨਿਆ ਹੈ ਨਾ! ਤਾਂ ਬੰਨ੍ਹਣ ਵਾਲੇ ਸ਼ਕਤੀਸ਼ਾਲੀ ਹੋਏ ਜਾਂ ਬੰਧਨੇ ਵਾਲਾ?

ਕੌਣ ਸ਼ਕਤੀਸ਼ਾਲੀ ਹੋਏ? ਬੰਧਨੇ ਵਾਲੇ ਸਿਰਫ਼ ਤਰੀਕਾ ਤੁਹਾਨੂੰ ਸੁਣਾ ਦਿੱਤਾ ਕਿ ਇਵੇਂ ਬੰਨ੍ਹੋ ਤਾਂ ਬੰਧ ਜਾਵਾਂਗਾ। ਅੱਛਾ, ਓਮ ਸ਼ਾਂਤੀ।

ਵਰਦਾਨ:- ਖ਼ੁਦ ਨੂੰ ਨਿਮਿਤ ਸਮਝ ਵਿਅਰਥ ਸੰਕਲਪ ਅਤੇ ਵਿਅਰਥ ਤੋਂ ਮੁਕਤ ਰਹਿਣ ਵਾਲੇ ਵਿਸ਼ਵ ਕਲਿਆਣਕਾਰੀ ਭਵ

ਮੈਂ ਵਿਸ਼ਵ ਕਲਿਆਣ ਦੇ ਕੰਮ ਦੇ ਅਰਥ ਨਿਮਿਤ ਹਾਂ - ਇਸ ਜਿੰਮੇਵਾਰੀ ਦੀ ਸਮ੍ਰਿਤੀ ਵਿੱਚ ਰਹੋ ਤਾਂ ਕਦੀ ਵੀ ਕਿਸੇ ਦੇ ਪ੍ਰਤੀ ਅਤੇ ਆਪਣੇ ਪ੍ਰਤੀ ਵਿਅਰਥ ਸੰਕਲਪ ਅਤੇ ਵਿਅਰਥ ਵ੍ਰਿਤੀ ਨਹੀਂ ਹੋ ਸਕਦੀ। ਜਿੰਮੇਵਾਰ ਆਤਮਾਵਾਂ ਇੱਕ ਵੀ ਅਕਲਿਆਣਕਾਰੀ ਸੰਕਲਪ ਨਹੀਂ ਕਰ ਸਕਦੇ, ਇੱਕ ਸੈਕਿੰਡ ਵੀ ਵਿਅਰਥ ਵ੍ਰਿਤੀ ਨਹੀਂ ਬਣਾ ਸਕਦੇ ਕਿਉਂਕਿ ਉਹਨਾਂ ਦੀ ਵ੍ਰਿਤੀ ਨਾਲ ਵਾਯੂਮੰਡਲ ਦਾ ਪਰਿਵਰਤਨ ਹੋਣਾ ਹੈ। ਇਸਲਈ ਸਰਵ ਦੇ ਪ੍ਰਤੀ ਉਹਨਾਂ ਸ਼ੁਭ ਭਾਵਨਾ, ਸ਼ੁਭ ਕਾਮਨਾ ਖੁਦ ਰਹਿੰਦੀ ਹੈ।

ਸਲੋਗਨ:- ਅਗਿਆਨ ਦੀ ਸ਼ਕਤੀ ਕ੍ਰੋਧ ਹੈ ਅਤੇ ਗਿਆਨ ਦੀ ਸ਼ਕਤੀ ਸ਼ਾਂਤੀ ਹੈ।

******